ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ

# ਆਈ. ਕੇ. ਗੁਜਰਾਲ. ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ
# I. K. GUJRAL PUNJAB TECHNICAL UNIVERSITY JALANDHAR

Estd. Under Punjab Technical University Act, 1996
(Punjab Act No. 1 of 1997)

**Dr. S. S. Ahluwalia**
Director

Ref. No. IKGPTU/DIR/SW/8514

Dated 08/02/18

ਡਾਇਰੈਕਟਰ/ਪ੍ਰਿੰਸੀਪਲ ਸਾਹਿਬਾਨ,
ਆਈ.ਕੇ.ਜੀ.ਪੀ.ਟੀ.ਯੂ. ਸਬੰਧਤ ਸੰਸਥਾਵਾਂ।

ਵਿਸ਼ਾ:- **ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2015-16 ਅਤੇ 2016-17 ਲਈ ਐਨ.ਐਸ.ਐਸ ਵਲੰਟੀਅਰਾਂ ਦੀਆਂ ਨਾਮਜ਼ਦਗੀਆਂ ਭੇਜਣ ਸਬੰਧੀ।**

ਸ਼੍ਰੀ ਮਾਨ/ ਸ਼੍ਰੀ ਮਤੀ ਜੀ,

ਇਸ ਰਾਹੀਂ ਆਪ ਜੀ ਨੂੰ ਉਪਰੋਕਤ ਵਿਸ਼ਾ ਅਧੀਨ ਮਾਮਲੇ ਵਿੱਚ ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ, ਵੱਲੋਂ ਪ੍ਰਾਪਤ ਪੱਤਰ ਹਵਾਲਾ ਨੰ: ਡਯਸ/ਸ-1/2018/621-70 ਦੀ ਕਾਪੀ ਭੇਜੀ ਜਾਂਦੀ ਹੈ।ਪੱਤਰ ਦੀਆਂ ਹਦਾਇਤਾਂ ਅਨੁਸਾਰ ਉਪਰੋਕਤ ਪੁਰਸਕਾਰ ਲਈ ਨਾਮਜ਼ਦਗੀਆਂ ਭੇਜਣ ਲਈ ਕਿਹਾ ਗਿਆ ਹੈ।ਇਹ ਪੁਰਸਕਾਰ ਉਨ੍ਹਾਂ ਚੋਣਵੇਂ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ, ਜੋ ਯੁਵਕ ਸਰਗਰਮੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਯੋਗਦਾਨ ਪਾਉਂਦੇ ਹਨ। ਇਸ ਪੁਰਸਕਾਰ ਲਈ ਚੁਣੇ ਗਏ ਯੁਵਕ/ਯੁਵਤੀਆਂ ਨੂੰ ਇੱਕ ਮੈਡਲ, ਸਕਰੋਲ, ਸਰਟੀਫਿਕੇਟ ਅਤੇ 51,000/- ਰੁਪਏ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਉਪਰੋਕਤ ਪੱਤਰ ਦੀਆਂ ਹਦਾਇਤਾਂ ਦੀ ਲੋਅ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਚੋਣਵੇਂ ਵਿਦਿਆਰਥੀਆਂ ਦੇ ਨਾਮ ਨਾਲ ਨੱਥੀ ਨਿਰਧਾਰਿਤ ਪ੍ਰੋਫਾਰਮੇ ਤੇ ਭਰ ਕੇ ਸਹਾਇਕ ਡਾਇਰੈਕਟਰ, ਜ਼ਿਲ੍ਹਾ ਯੁਵਕ ਕੇਂਦਰ ਦੇ ਦਫਤਰ ਵਿੱਚ ਮਿਤੀ 15.02.2018 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

8/2/18

ਨਿਰਦੇਸ਼ਕ ਵਿਦਿਆਰਥੀ ਭਲਾਈ

ਉਤਾਰਾ:

1. ਡਾਇਰੈਕਟਰ, ਸਮੂਹ ਆਈ.ਕੇ.ਜੀ.ਪੀ.ਟੀ.ਯੂ. ਸਬੰਧਤ ਕੈਂਪਸ।
2. ਕੰਟਰੋਲਰ ਪ੍ਰਿਖਿਆਵਾਂ – ਲਾਗਇਨ ਤੇ ਪਾਉਣ ਲਈ।
3. ਡਿਪਟੀ ਰਜਿਸਟਰਾਰ,ਕੰਪਿਊਟਰ ਸੈਕਸ਼ਨ-ਵੈਬਸਾਈਟ ਤੇ ਪਾਉਣ ਲਈ
4. ਖੇਤਰੀ ਨਿਦੇਸ਼ਾਲਿਆ,ਐਨ.ਐਸ.ਐਸ. ਚੰਡੀਗੜ੍ਹ।
5. ਪ੍ਰਾਂਤ ਐਨ.ਐਸ.ਐਸ. ਅਧਿਕਾਰੀ,ਪੰਜਾਬ।
6. ਸਮੂਹ ਐਨ. ਐਸ. ਐਸ. ਪ੍ਰੋਗਰਾਮ ਅਫਸਰ।
7. ਫਾਈਲ

ਨੱਥੀ: ਮੰਤਰਾਲੇ ਦੇ ਪੱਤਰ ਦੀ ਕਾਪੀ, ਜ਼ਰੂਰੀ ਹਦਾਇਤਾਂ ਅਤੇ ਪ੍ਰੋਫਾਰਮਾ।

ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਯੁਵਾ ਭਵਨ, ਸੈਕਟਰ-42 ਏ, ਚੰਡੀਗੜ੍ਹ।

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।
2. ਡਾਇਰੈਕਟਰ, ਸਿੱਖਿਆ ਵਿਭਾਗ (ਕ) ਪੰਜਾਬ।
3. ਡਾਇਰੈਕਟਰ, ਖੇਡ ਵਿਭਾਗ, ਪੰਜਾਬ।
4. ਡਾਇਰੈਕਟਰ, ਸਿੱਖਿਆ ਵਿਭਾਗ (ਸ) ਪੰਜਾਬ।
5. ਸਮੂਹ ਯੂਨੀਵਰਸਿਟੀਆਂ ਦੇ ਪ੍ਰੋਗਰਾਮ ਕੋਆਰਡੀਨੇਟਰ, ਐਨ.ਐਸ.ਐਸ।
6. ਸਮੂਹ ਯੂਨੀਵਰਸਿਟੀਆਂ ਦੇ ਡਾਇਰੈਕਟਰ, ਯੁਵਕ ਭਲਾਈ।
7. ਰਾਜ ਦੇ ਸਮੂਹ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ।

ਮੀਮੋ ਨੰ: ਡਯਸ/ਸ-1/2018/ 621-70
ਮਿਤੀ: 30-1-18

ਵਿਸ਼ਾ:- ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2015-16 ਅਤੇ 2016-17 ਸਬੰਧੀ।

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਦੇ ਚੋਣਵੇਂ ਨੌਜਵਾਨਾਂ ਨੂੰ ਸਾਲ 2017-18 ਦੌਰਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਦੇਣ ਦੀ ਤਜਵੀਜ਼ ਹੈ।

2. ਇਹ ਯੁਵਾ ਪੁਰਸਕਾਰ ਉਨ੍ਹਾਂ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ, ਜੋ ਯੁਵਕ ਸਰਗਰਮੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਯੋਗਦਾਨ ਪਾਉਂਦੇ ਹਨ। ਇਸ ਪੁਰਸਕਾਰ ਲਈ ਚੁਣੇ ਹੋਏ ਯੁਵਕ/ਯੁਵਤੀਆਂ ਨੂੰ ਇੱਕ ਮੈਡਲ, ਸਕਰੋਲ, ਸਰਟੀਫਿਕੇਟ ਅਤੇ 51,000/- ਰੁਪਏ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

3. ਇਸ ਪੱਤਰ ਨਾਲ ਆਪ ਜੀ ਨੂੰ ਨਿਰਧਾਰਿਤ ਪ੍ਰੋਫਾਰਮਾ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2015-16 ਅਤੇ 2016-17 ਦੌਰਾਨ ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਅਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਲੜਕੇ/ਲੜਕੀਆਂ ਦੇ ਨਾਵਾਂ ਦੀਆਂ ਸਿਫਾਰਸ਼ਾਂ ਸਹਾਇਕ ਡਾਇਰੈਕਟਰ, ਜ਼ਿਲ੍ਹਾ ਯੁਵਕ ਕੇਂਦਰ ਦੇ ਦਫਤਰ ਵਿੱਚ ਮਿਤੀ: 15.02.2018 ਤੱਕ ਭੇਜੀਆਂ ਜਾਣ। ਇਹਨਾਂ ਪੁਰਸਕਾਰਾਂ ਦੀ ਸਿਫਾਰਿਸ਼ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਕੀਤੀ ਜਾਵੇਗੀ, ਜਿਸਦੇ ਚੇਅਰਮੈਨ ਸਬੰਧਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਮੈਂਬਰ ਸਕੱਤਰ, ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਹੋਣਗੇ।

4. ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਸਾਲ 2015-16 ਅਤੇ 2016-17 ਲਈ ਪੰਜ ਯੁਵਕ/ਯੁਵਤੀਆਂ ਦੀਆਂ ਸ਼ਿਫਾਰਿਸ਼ਾਂ ਮਿਤੀ 28.02.2018 ਤੱਕ ਇਸ ਦਫਤਰ ਵਿਖੇ ਭੇਜੀਆਂ ਜਾਣ, ਤਾਂ ਜ਼ੋ ਰਾਜ ਪੱਧਰੀ ਕਮੇਟੀ ਵੱਲੋਂ ਇਸ ਪੁਰਸਕਾਰ ਲਈ ਯੋਗ ਉਮੀਦਵਾਰਾਂ ਦੀ ਮੈਰਿਟ ਅਨੁਸਾਰ ਚੋਣ ਕੀਤੀ ਜਾ ਸਕੇ। ਅਧੂਰੀਆਂ ਅਰਜ਼ੀਆਂ ਅਤੇ ਬਾਅਦ ਵਿੱਚ ਪ੍ਰਾਪਤ ਹੋਈਆਂ ਸ਼ਿਫਾਰਸ਼ਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ, ਜੀ।

ਨੱਥੀ/ਉਕਤ ਅਨੁਸਾਰ

ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ।
30/01/18

ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਯੁਵਾ ਭਵਨ, ਸੈਕਟਰ-42 ਏ, ਚੰਡੀਗੜ੍ਹ।

## ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2015-16 ਅਤੇ 2016-17

1. ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ ਦੁਆਰਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਂਵਾ ਪੁਰਸਕਾਰ ਸਾਲ 2015-16 ਅਤੇ 2016-17 ਲਈ ਯੋਗ ਉਮੀਦਵਾਰਾਂ ਤੋਂ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਅਰਜੀਆਂ ਮੰਗੀਆਂ ਜਾਂਦੀਆਂ ਹਨ। ਇਸ ਪੁਰਸਕਾਰ ਲਈ ਚੁਣੇ ਗਏ ਨੌਜਵਾਨਾਂ ਨੂੰ ਇੱਕ ਮੈਡਲ, ਸਕਰੋਲ, ਸਰਟੀਫਿਕੇਟ ਅਤੇ 51,000/- ਰੁਪਏ ਦੀ ਰਾਸ਼ੀ ਇਨਾਮ ਵੱਜੋਂ ਦਿੱਤੀ ਜਾਵੇਗੀ। ਇਸ ਰਾਜ ਯੁਵਾ ਪੁਰਸਕਾਰ ਲਈ ਉਹ ਨੌਜਵਾਨ ਹੀ ਯੋਗ ਹੈ, ਜਿਸ ਨੇ ਯੁਵਕ ਗਤੀਵਿਧੀਆਂ ਵਿੱਚ ਉੱਘਾ ਅਤੇ ਸ਼ਲਾਘਾਯੋਗ ਕੰਮ ਕੀਤਾ ਹੋਵੇ ਅਤੇ ਪਿਛਲੇ ਸਾਲਾਂ ਤੋਂ ਵੱਖੋ-ਵੱਖ ਯੁਵਕ ਗਤਵਿਧੀਆਂ ਜਿਵੇਂਕਿ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐਨ.ਸੀ.ਸੀ., ਸੱਭਿਆਚਾਰਕ ਗਤੀਵਿਧੀਆਂ, ਪਰਬਤਾ-ਰੋਹਣ, ਹਾਈਕਿੰਗ-ਟਰੈਕਿੰਗ, ਖੇਡਾਂ, ਸਮਾਜ-ਸੇਵਾ, ਰਾਸ਼ਟਰੀ-ਏਕਤਾ, ਖੂਨ-ਦਾਨ, ਨਸ਼ਿਆਂ ਵਿਰੁੱਧ ਜਾਗਰੂਕਤਾ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਆਦਿ ਵਿੱਚ ਹਿੱਸਾ ਲੈਂਦਾ ਰਿਹਾ ਹੋਵੇ।

2. ਇਸ ਪੁਰਸਕਾਰ ਲਈ ਨਿਰਧਾਰਿਤ ਪ੍ਰੋਫਾਰਮਾ ਜ਼ਿਲ੍ਹਾ ਪੱਧਰ ਤੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਦੇ ਦਫਤਰ ਜਾਂ ਮੁੱਖ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

### ਯੋਗਤਾਵਾਂ:

1. ਬਿਨੈਕਾਰ ਪੰਜਾਬ ਦਾ ਵਸਨੀਕ ਹੋਵੇ। (ਅਧਾਰ ਕਾਰਡ ਨੰ:..................)

2. **ਬਿਨੈਕਾਰ ਦੀ ਉਮਰ ਦੀ ਹੱਦ:**

   ਇਸ ਪੁਰਸਕਾਰ ਲਈ ਯੋਗ ਉਮੀਦਵਾਰਾਂ ਦੀ ਉਮਰ 15 ਤੋਂ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

3. ਬਿਨੈਕਾਰ ਯੁਵਕ ਭਲਾਈ ਗਤੀਵਿਧੀਆਂ/ਸਮਾਜ ਸੇਵਾ ਕਰਦਾ ਰਿਹਾ ਹੋਵੇ ਅਤੇ ਪੁਰਸਕਾਰ ਪ੍ਰਾਪਤ ਹੋਣ ਉਪਰੰਤ ਵੀ 2 ਸਾਲ ਬਾਅਦ ਇਨ੍ਹਾਂ ਗਤੀਵਿਧੀਆਂ ਨੂੰ ਚਾਲੂ ਰੱਖਣ ਦਾ ਇਛੁੱਕ ਹੋਵੇ।

4. ਨੌਜਵਾਨ ਵੱਲੋਂ ਕੀਤੀਆਂ ਗਤੀਵਿਧੀਆਂ/ਸਮਾਜ ਸੇਵਾ, ਨੌਜਵਾਨਾਂ ਦੇ ਵਿਕਾਸ ਵਿੱਚ ਸਹਾਈ ਹੋਣੀਆਂ ਚਾਹੀਦੀਆਂ ਹਨ।

5. ਪੁਰਸਕਾਰ ਲਈ ਚੋਣ ਨੌਜਵਾਨ ਦੀ ਸਮਾਜ ਸੁਧਾਰ ਵਿੱਚ ਵਾਸਤਵਿਕ ਇੱਛਾ ਅਤੇ ਪ੍ਰਤੀਨਿਧਤਾ ਤੇ ਅਧਾਰਿਤ ਹੈ।

6. ਉਮੀਦਵਾਰ ਵੱਲੋਂ ਯੁਵਕ ਗਤੀਵਿਧੀਆਂ ਸਵੈ-ਇਛੁੱਕ ਅਤੇ ਵਲੰਟੀਅਰ ਤੌਰ ਤੇ ਬਿਨ੍ਹਾਂ ਕਿਸੇ ਸੇਵਾਫਲ/ਤਨਖਾਹ/ਮਾਣਭੱਤਾ/ਸਰਕਾਰੀ/ਗੈਰ-ਸਰਕਾਰੀ ਸੰਸਥਾ ਤੋਂ ਵਿੱਤੀ ਸਹਾਇਤਾ ਆਦਿ ਤੋਂ ਕੀਤੀਆਂ ਹੋਣ।

7. ਬਿਨੈਕਾਰ ਆਪਣੀਆਂ ਅਰਜੀ ਅਤੇ ਪ੍ਰਾਪਤੀਆਂ ਸਬੰਧੀ ਆਪਣੀ ਪ੍ਰਤੀ-ਬੇਨਤੀ (ਦਸਤਾਵੇਜ) ਦੀ ਫਾਇਲ ਸਬੰਧਿਤ ਜ਼ਿਲ੍ਹੇ ਦੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਦੇ ਦਫਤਰ ਵਿੱਚ 15.02.2018 ਤੱਕ ਜਮ੍ਹਾਂ ਕਰਵਾਉਣ।

ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ।

3/1/18

## ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ
## ਸਾਲ-2015-16 ਅਤੇ ਸਾਲ-2016-17 ਲਈ ਨਿਰਧਾਰਿਤ ਪ੍ਰੋਫਾਰਮਾ

1. ਬਿਨੈਕਾਰ ਦਾ ਨਾਂ: ------------------------------

2. ਪਿਤਾ ਦਾ ਨਾਂ: ------------------------------

3. ਪੱਕਾ ਰਿਹਾਇਸ਼ੀ ਪਤਾ: ------------------------------

------------------------------

------------------------------

4. ਜਨਮ ਮਿਤੀ: ------------------------------

5. ਉਮਰ ਮਿਤੀ: ----ਨੂੰ----ਸਾਲ----ਮਹੀਨੇ----ਦਿਨ---

6. ਕੀ ਤੁਸੀਂ ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਨਾਲ ਸਬੰਧਿਤ ਹੋ? ਜ਼ੇਕਰ ਹੋਵੇ, ਤਾਂ ਸਬੂਤ ਵੱਜੋਂ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਲਗਾਈ ਜਾਵੇ। ------------------------------

7. ਕੀ ਤੁਸੀਂ ਸ਼ਹਿਰੀ ਹੋ ਜਾਂ ਪੇਂਡੂ ਇਲਾਕੇ ਦੇ ਰਹਿਣ ਵਾਲੇ ਹੋ? ------------------------------

8. ਕਿੱਤਾ ------------------------------

9. ਪ੍ਰਾਪਤੀਆਂ ਦਾ ਵੇਰਵਾ:-

| ਲੜੀ ਨੰ: | ਗਤੀਵਿਧੀਆਂ | ਵੱਧ ਤੋਂ ਵੱਧ ਪ੍ਰਾਪਤੀਆਂ/ਟੀਚਾ |
|---|---|---|
| 1. | | |
| ੳ) | ਪੇਂਡੂ ਵਿਕਾਸ ਕੈਂਪ | |
| ਅ) | ਯੁਵਕ ਸਿਖਲਾਈ ਕੈਂਪ | |
| ੲ) | ਖੂਨਦਾਨ ਕੈਂਪ | |
| ਸ) | ਯੁਵਕ ਮੇਲੇ | |
| ਹ) | ਸੱਭਿਆਚਾਰਕ/ਸਿੱਖਿਅਕ ਦੌਰੇ/ਟਰਿਪ | |
| ਕ) | ਮਾਊਂਟੇਨਰਿੰਗ | |
| ਖ) | ਹਾਈਕਿੰਗ-ਟਰੈਕਿੰਗ | |
| ਗ) | ਅੰਤਰ-ਰਾਜੀ ਦੌਰੇ/ਸੱਭਿਆਚਾਰਕ ਵਿਚਾਰ-ਵਟਾਂਦਰਾ ਪ੍ਰੋਗਰਾਮ | |
| ਘ) | ਅਧਿਆਪਕ ਸਿਖਲਾਈ ਕੈਂਪ | |

| | | |
|---|---|---|
| 2. | ਖੇਡਾਂ | ------------------------------ |
| 3. | ਐੱਨ.ਸੀ.ਸੀ. | ------------------------------ |
| 4. | ਵਿੱਦਿਅਕ ਪ੍ਰਾਪਤੀਆਂ | ------------------------------ |
| 5. | ਕੌਮੀ ਏਕਤਾ ਕੈਂਪ ਬਹਾਦਰੀ ਕਾਰਨਾਮੇ | ------------------------------ |
| 6. | ਸਾਹਸੀ ਕਾਰਨਾਮੇ | ------------------------------ |
| 7. | ਕੌਮੀ ਸੇਵਾ ਯੋਜਨਾ | ------------------------------ |
| 8. | ਸਕਾਊਟਿੰਗ/ਗਾਈਡਿੰਗ | ------------------------------ |
| 9. | ਸਮਾਜ ਸੇਵਾ ਵਿੱਚ ਯੋਗਦਾਨ | ------------------------------ |
| 10. | ਸਾਹਸੀ ਗਤੀਵਿਧੀਆ ਜਿਵੇਂ ਹੈਂਡ ਗਲਾਈਡਿੰਗ ਜਾਂ ਹੋਰ ਗਤੀਵਿਧੀਆਂ ਜਿਹੜੀਆਂ ਪਾਣੀ ਧਰਤੀ ਜਾਂ ਹਵਾ ਉੱਪਰ ਹੋਣ | ------------------------------ |
| 11. | ਫੁੱਟਕਲ ਗਤੀਵਿਧੀਆਂ ਜੇਕਰ ਕੋਈ ਹੋਣ | ------------------------------ |

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤਾ ਗਿਆ ਵੇਰਵਾ ਮੇਰੀ ਜਾਣਕਾਰੀ ਅਨੁਸਾਰ ਬਿਲਕੁੱਲ ਠੀਕ ਤੇ ਸਹੀ ਹੈ। ਇਸ ਵੇਰਵੇ ਵਿੱਚ ਕੋਈ ਸੂਚਨਾ ਜੇਕਰ ਗਲਤ ਸਾਬਤ ਹੋਵੇ, ਤਾਂ ਮੇਰਾ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇ।

(ਉਮੀਦਵਾਰ ਦੇ ਹਸਤਾਖਰ)

<u>ਜ਼ਰੂਰੀ ਸੂਚਨਾਂ:</u>

1. ਇਸ ਯੁਵਾ ਪੁਰਸਕਾਰ ਲਈ ਨਿਰਧਾਰਿਤ ਜ਼ਿਲ੍ਹਾ ਚੋਣ ਕਮੇਟੀ ਰਾਹੀਂ ਸਿਫਾਰਸ਼ ਕੀਤੀਆਂ ਅਰਜ਼ੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ।
2. ਜੇਕਰ ਉਮੀਦਵਾਰ ਦੁਆਰਾ ਕੋਈ ਗਲਤ ਸੂਚਨਾ ਜਾਂ ਸਰਟੀਫਿਕੇਟ ਦਿੱਤਾ ਜਾਂਦਾ ਹੈ, ਤਾਂ ਉਸ ਦਾ ਪੁਰਸਕਾਰ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।
3. ਜੇਕਰ ਲੋੜ ਪਵੇ, ਤਾਂ ਗਤੀਵਿਧੀਆਂ ਦੀ ਸੂਚੀ ਜੋ ਪ੍ਰੋਫਾਰਮੇਂ ਵਿੱਚ ਕਵਰ ਨਾ ਹੁੰਦੀ ਹੋਵੇ, ਵੱਖਰੇ ਤੌਰ ਤੇ ਲਗਾਈ ਜਾ ਸਕਦੀ ਹੈ।
4. ਉਮੀਦਵਾਰ ਵੱਲੋਂ ਪਿਛਲੇ 3 ਸਾਲਾਂ ਦੌਰਾਨ ਕੀਤੀਆਂ ਯੁਵਕ ਗਤੀਵਿਧੀਆਂ/ਸਮਾਜ ਸੇਵਾ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਉਹ ਆਉਣ ਵਾਲੇ ਸਾਲਾਂ ਵਿੱਚ ਵੀ ਯੁਵਕ ਗਤੀਵਿਧੀਆਂ/ਸਮਾਜ ਸੇਵਾ ਵਿੱਚ ਰੁਚੀ ਰੱਖਦਾ/ਰੱਖਦੀ ਹੋਵੇ।
5. ਯੁਵਕ ਗਤੀਵਿਧੀਆਂ ਸਬੰਧੀ ਸਵੈ ਤਸਦੀਕ ਸਰਟੀਫਿਕੇਟ/ਦਸਤਾਵੇਜਾਂ ਦੀਆਂ ਫੋਟੋਕਾਪੀਆਂ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਤਰਤੀਵ ਨਾਲ ਨੱਥੀ ਕੀਤੀਆ ਜਾਣ। ਦਸਤਾਵੇਜ਼ ਨਾ ਲਗਾਉਣ ਦੀ ਸੂਰਤ ਵਿੱਚ ਅਰਜੀ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।
6. ਉਮੀਦਵਾਰ ਵੱਲੋਂ ਸਾਰੀ ਫਾਈਲ ਦੀ ਕਰਮਵਾਰ ਪੰਨਾ ਮਾਰਕਿੰਗ ਕੀਤੀ ਜਾਵੇ।
7. ਉਮੀਦਵਾਰ ਬਿਨੈ-ਪੱਤਰ ਨਾਲ ਲੱਗਭਗ 200 ਸ਼ਬਦਾਂ ਦਾ ਗਤੀਵਿਧੀਆਂ ਸਬੰਧੀ ਨਿੱਜੀ ਬਿਓਰਾ ਨੱਥੀ ਕਰੇਗਾ।